CITY OF BRAMPTON
EMERGENCY MEASURES OFFICE

# ਹੰਗਾਮੀ ਹਾਲਾਤ ਲਈ ਤਿਆਰੀ ਕਰਨਾ

## ਤਿਆਰ ਰਹੋ ... ਵਿਉਂਤਬੰਦੀ ਕਰੋ।

ਇਹ ਗੱਲ ਪੱਕੀ ਕਰੋ ਕਿ ਟੱਬਰ ਦੇ ਹਰ ਜੀਅ ਨੂੰ ਪਤਾ ਹੋਵੇ ਕਿ ਕਿਸੇ ਹੰਗਾਮੀ ਸੂਰਤ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਕੀ ਕਰਨਾ ਹੈ। ਇਹ ਵਿਚਾਰਨ ਲਈ ਕਿ ਕਿਸੇ ਹੰਗਾਮੀ ਸੂਰਤ ਲਈ ਵੱਧ ਤੋਂ ਵੱਧ ਤਿਆਰੀ ਕਿਵੇਂ ਕੀਤੀ ਜਾਵੇ, ਪਰਿਵਾਰ ਦੀ ਇੱਕ ਮੀਟਿੰਗ ਕਰੋ। ਵਿਉਂਤ ਬਣਾਉ। ਜੇ ਤੁਸੀਂ ਇਕੱਲੇ ਰਹਿੰਦੇ ਹੋ ਤਾਂ ਆਪਣੇ ਵਾਸਤੇ ਇੱਕ ਅਜਿਹੀ ਯੋਜਨਾ ਬਣਾਉ ਜਿਸ ਦੀ ਕੜੀ ਤੁਹਾਡੇ ਗਵਾਂਢੀਆਂ ਅਤੇ ਦੋਸਤਾਂ ਨਾਲ਼ ਮਿਲਦੀ ਹੋਵੇ।

## ਐਮਰਜੈਂਸੀ ਵੇਲ਼ੇ ਦੇ ਫ਼ੋਨ ਨੰਬਰ ਪਹੁੰਚ ਵਾਲ਼ੀ ਥਾਂ ’ਤੇ ਰੱਖੋ

ਮੁੱਖ ਟੈਲੀਫ਼ੋਨ ਨੰਬਰਾਂ ਅਤੇ ਸਿਰਨਾਵਿਆਂ ਦੀ ਇੱਕ ਸੂਚੀ ਫ਼ੋਨ ਦੇ ਨੇੜੇ-ਤੇੜੇ ਰੱਖੋ। ਕਿਸੇ ਹੰਗਾਮੀ ਸੂਰਤ ਦੌਰਾਨ ਫ਼ੋਨ ਦੀ ਵਰਤੋਂ ਸਿਰਫ਼ ਹੰਗਾਮੀ ਮਾਮਲਿਆਂ ਲਈ ਹੀ ਕਰੋ। ਕਿਸੇ ਹੰਗਾਮੀ ਸੂਰਤ ਵੇਲ਼ੇ ਪਰਿਵਾਰ ਦੇ ਖਿੰਡ ਜਾਣ ਦੀ ਸੂਰਤ ਨਾਲ ਨਿਪਟਣ ਲਈ ਸੰਪਰਕ ਕਰਨ ਵਾਸਤੇ ਕਿਸੇ ਦੂਸਰੇ ਇਲਾਕੇ ਵਿੱਚ ਕੋਈ ਸੰਪਰਕ ਕਾਇਮ ਕਰੋ। ਇਹ ਗੱਲ ਪੱਕੀ ਕਰੋ ਕਿ ਉਸ ਵਿਅਕਤੀ ਦਾ ਨਾਮ ਅਤੇ ਫ਼ੋਨ ਨੰਬਰ ਹਰ ਕਿਸੇ ਕੋਲ ਰਹੇ।

## ਘਰੋਂ ਬਚ ਨਿਕਲਣ ਦੀ ਇੱਕ ਵਿਉਂਤ ਬਣਾਓ

ਆਪਣੀ ਰਿਹਾਇਸ਼ ਦਾ ਇੱਕ ਨਕਸ਼ਾ ਬਣਾ ਕੇ ਬਚ ਨਿਕਲਣ ਦੀ ਇੱਕ ਵਿਉਂਤ ਬਣਾਉ। ਇੱਕ ਕਾਲ਼ਾ ਜਾਂ ਨੀਲਾ ਪੈੱਨ ਵਰਤ ਕੇ ਦਰਸਾਓ ਕਿ ਦਰਵਾਜ਼ੇ, ਖਿੜਕੀਆਂ, ਪੌੜੀਆਂ ਅਤੇ ਵੱਡਾ ਫਰਨੀਚਰ ਕਿੱਥੇ-ਕਿੱਥੇ ਹੈ। ਹਰ ਮੰਜ਼ਿਲ ਲਈ ਇੱਕ ਵੱਖਰਾ ਵਰਕਾ ਵਰਤੋ। ਹੰਗਾਮੀ ਰਸਦਾਂ, ਅੱਗ-ਬੁਝਾਊ ਯੰਤਰਾਂ, ਧੂੰਏਂ ਦੇ ਅਲਾਰਮਾਂ, ਇਕੱਠੀਆਂ ਹੋ ਸਕਣ ਵਾਲੀਆਂ ਡੰਡੇਦਾਰ ਪੌੜੀਆਂ ਜਾਂ ਲੈਡਰਜ਼, ਮੁਢਲੀ ਸਹਾਇਤਾ ਦੇ ਬਕਸੇ, ਅਤੇ ਬਿਜਲੀ-ਪਾਣੀ ਬੰਦ ਕਰਨ ਦੇ ਸਾਧਨਾਂ ਦੀ ਜਗ੍ਹਾ ਦਰਸਾਓ। ਫਿਰ ਰੰਗਦਾਰ ਪੈੱਨਾਂ ਦੀ ਵਰਤੋਂ ਕਰਦਿਆਂ ਹਰ ਕਮਰੇ ਵਿੱਚੋਂ ਬਚ ਨਿਕਲ਼ਣ ਦੇ ਘੱਟੋ-ਘੱਟ ਦੋ ਰਾਸਤੇ ਵਿਖਾਓ। ਅੰਤ ਵਿੱਚ ਘਰ ਦੇ ਬਾਹਰ ਇੱਕ ਅਜਿਹੀ ਜਗ੍ਹਾ ਦਰਸਾਓ ਜਿੱਥੇ ਟੱਬਰ ਦੇ ਸਾਰੇ ਜੀਆਂ ਨੇ ਹੰਗਾਮੀ ਸੂਰਤ ਵਿੱਚ ਇਕੱਠੇ ਹੋਣਾ ਹੋਵੇ।

ਜੇ ਤੁਸੀਂ ਕਿਸੇ ਅਪਾਰਟਮੈਂਟ ਵਿੱਚ ਰਹਿੰਦੇ ਹੋ, ਆਪਣੇ ਪਰਿਵਾਰ ਦੇ ਹਰ ਜੀਅ ਨੂੰ ਵਿਖਾਓ ਕਿ ਹੰਗਾਮੀ ਸੂਰਤ ਵਿੱਚ ਬਾਹਰ ਨਿਕਲਣ ਦਾ ਰਾਸਤਾ ਕਿਹੜਾ ਹੈ। ਉਨ੍ਹਾਂ ਨੂੰ ਦੱਸੋ ਕਿ ਅੱਗ ਵਾਲ਼ਾ ਅਲਾਰਮ ਕਿੱਥੇ ਹੈ, ਅਤੇ ਇਹ ਸਮਝਾਓ ਕਿ ਇਸ ਨੂੰ ਕਿਵੇਂ ਵਰਤਣਾ ਹੈ। ਅੱਗ ਲੱਗ ਜਾਣ ਜਾਂ ਕਿਸੇ ਹੋਰ ਐਮਰਜੈਂਸੀ ਵਿੱਚ ਕਦੇ ਵੀ ਲਿਫਟਾਂ ਜਾਂ ਐਲੀਵੇਟਰ ਨਾ ਵਰਤੋ ਕਿਉਂਕਿ ਬਿਜਲੀ ਚਲੇ ਜਾਣ ’ਤੇ ਇਹ ਚੱਲਣੋਂ ਹਟ ਜਾਂਦੀਆਂ ਹਨ। ਬਹੁ-ਮੰਜ਼ਿਲਾ ਇਮਾਰਤਾਂ ਵਿੱਚ ਸੁਰੱਖਿਆ ਬਾਰੇ ਵਧੇਰੇ ਜਾਣਕਾਰੀ ਲਈ ਆਪਣੇ ਸਥਾਨਕ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਮਹਿਕਮੇ ਨਾਲ ਸੰਪਰਕ ਕਰੋ। ਸਾਲ ਵਿੱਚ ਘੱਟੋ-ਘੱਟ ਦੋ ਵਾਰੀ ਘਰ ਦੇ ਸਾਰੇ ਜੀਆਂ ਨਾਲ਼ ਰਲ਼ ਕੇ ਹੰਗਾਮੀ ਸੂਰਤ ਵਿੱਚ ਬਚ ਨਿਕਲਣ ਦੀ ਕਾਰਵਾਈ ਦਾ ਅਭਿਆਸ ਕਰੋ। ਘਰੋਂ ਬਚ ਨਿਕਲ਼ਣ ਸੰਬੰਧੀ ਆਪਣੀ ਵਿਉਂਤ ਨੂੰ ਕਿਸੇ ਅਜਿਹੀ ਪ੍ਰਤੱਖ ਜਗ੍ਹਾ ’ਤੇ ਰੱਖੋ ਜਿੱਥੇ ਬੇਬੀ ਸਿਟਰ ਜਾਂ ਬੱਚੇ ਇਸ ਨੂੰ ਵੇਖ ਸਕਣ। ਘਰੋਂ ਬਚ ਨਿਕਲ਼ਣ ਸੰਬੰਧੀ ਆਪਣੀ ਵਿਉਂਤ ਬਣਾਉਣ ਬਾਰੇ ਵਧੇਰੇ ਜਾਣਕਾਰੀ ਲਈ ਆਪਣੇ ਸਥਾਨਕ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ – ਫਾਇਰ ਪ੍ਰੀਵੈਨਸ਼ਨ ਡਿਵੀਜ਼ਨ (ਅੱਗ ਦੀ ਰੋਕ-ਥਾਮ ਵਾਲ਼ੇ ਮਹਿਕਮੇ) ਨਾਲ ਸੰਪਰਕ ਕਰੋ।

## ਪਰਿਵਾਰ ਲਈ ਹੰਗਾਮੀ ਹਾਲਤ ਕਿੱਟ ਬਣਾਓ

ਹੰਗਾਮੀ ਹਾਲਤ ਲਈ ਤਿਆਰ ਕੀਤੀ ਕਿੱਟ ਵਿੱਚ ਕਿਸੇ ਹੰਗਾਮੀ ਘਟਨਾ ਵੇਲ਼ੇ ਘਰ ਛੱਡਣਾ ਪੈਣ ’ਤੇ ਜਾਂ ਘਰ ਵਿੱਚ ਹੀ ਬੰਦ ਹੋ ਜਾਣ ਦੌਰਾਨ ਤੁਹਾਡੇ ਪਰਿਵਾਰ ਲਈ ਜ਼ਰੂਰੀ ਵਸਤਾਂ ਰੱਖ ਲਈਆਂ ਜਾਂਦੀਆਂ ਹਨ। ਹੰਗਾਮੀ ਹਾਲਤ ਲਈ ਬਣਾਈ ਕਿੱਟ ਵਿੱਚ ਤਿੰਨ ਦਿਨ ਗੁਜ਼ਾਰਾ ਹੋ ਸਕਣ ਜੋਗਾ ਚੋਖਾ ਸਾਮਾਨ ਹੋਣਾ ਚਾਹੀਦਾ ਹੈ। ਇਹ ਗੱਲ ਪੱਕੀ ਕਰ ਲਓ ਕਿ ਹਰ ਕਿਸੇ ਨੂੰ ਪਤਾ ਹੋਵੇ ਕਿ ਹੰਗਾਮੀ ਹਾਲਤ ਲਈ ਤਿਆਰ ਕੀਤੀ ਕਿੱਟ ਕਿੱਥੋਂ ਚੁੱਕਣੀ ਹੈ। ਇਸ ਕਿੱਟ ਵਿੱਚ ਹੇਠ ਲਿਖੀਆਂ ਵਸਤਾਂ ਹੋਣੀਆਂ ਚਾਹੀਦੀਆਂ ਹਨ:

- ਦਵਾਈਆਂ ਅਤੇ ਮੁਢਲੀ ਸਹਾਇਤਾ ਦਾ ਸਾਮਾਨ
- ਪਾਣੀ
- ਨਾ ਖਰਾਬ ਹੋਣ ਵਾਲ਼ੇ ਭੋਜਨ ਪਦਾਰਥ
- ਫਲੈਸ਼ਲਾਈਟਾਂ ਅਤੇ ਇਨ੍ਹਾਂ ਦੇ ਸੈੱਲ-ਬੈਟਰੀਆਂ
- ਕੰਬਲ਼ ਅਤੇ ਨਿੱਘੇ ਕੱਪੜੇ

ਵਧੇਰੇ ਜਾਣਕਾਰੀ ਜਾਂ ਆਪਣੀ ਕਮਿਊਨਿਟੀ ਸਸੰਥਾ ਵਿਖੇ ਇੱਕ ਪੇਸ਼ਕਾਰੀ ਤੈਅ ਕਰਨ ਲਈ 905-874-2911 ’ਤੇ ਫ਼ੋਨ ਕਰੋ।